# Aid to Sudan, South Sudan, Djibouti and Eritrea

October 26, 2020

## ਸੂਡਾਨ, ਦੱਖਣੀ ਸੂਡਾਨ, ਜਿਬੂਤੀ ਅਤੇ ਏਰੀਟ੍ਰੀਆ ਨੂੰ ਮਿਲੀ ਮਦਦ

26 ਅਕਤੂਬਰ, 2020

ਔਖੀ ਘੜੀ ਵਿੱਚ ਅਫਰੀਕਾ ਦੇ ਲੋਕਾਂ ਤੱਕ ਮਦਦ ਪਹੁੰਚਾਉਣ ਦੀ ਭਾਰਤੀ ਰਿਵਾਇਤ ਅਨੁਸਾਰ ਭਾਰਤ ਸਰਕਾਰ ਨੇ ਸੂਡਾਨ, ਦੱਖਣੀ ਸੂਡਾਨ, ਜਿਬੂਤੀ ਅਤੇ ਏਰੀਟਰੀਆ ਨੂੰ ਕੁਦਰਤੀ ਆਫ਼ਤਾਂ ਅਤੇ COVID ਮਹਾਂਮਾਰੀ ਤੋਂ ਪੀੜਿਤ ਲੋਕਾਂ ਦੀਆਂ ਦੁੱਖ-ਤਕਲੀਫਾਂ ਘੱਟ ਕਰਨ ਲਈ ਮਦਦ ਵਜੋਂ 270 ਮੀਟ੍ਰਿਕ ਟਨ ਖੁਰਾਕ ਦੇਣ ਦਾ ਫੈਸਲਾ ਕੀਤਾ ਹੈ। ਖੁਰਾਕ ਵਜੋਂ ਭੇਜੀ ਗਈ ਇਸ ਮਦਦ ਵਿੱਚ 155 ਮੀਟ੍ਰਿਕ ਟਨ ਕਣਕ ਦਾ ਆਟਾ, 65 ਮੀਟ੍ਰਿਕ ਟਨ ਚਾਵਲ ਅਤੇ 50 ਮੀਟ੍ਰਿਕ ਖੰਡ ਸ਼ਾਮਲ ਹੈ, ਜਿਸਨੂੰ ਲੈਕੇ ਭਾਰਤੀ ਜਲ ਸੈਨਾ ਦਾ ਸਮੁੰਦਰੀ ਜਹਾਜ਼ ਐਰਾਵਤ 24 ਅਕਤੂਬਰ, 2020 ਨੂੰ ਮੁੰਬਈ ਤੋਂ ਇਸ ਖੇਤਰ ਲਈ ਰਵਾਨਾ ਹੋਵੇਗਾ, ਜਿਸ ਦੌਰਾਨ ਇਹ ਜਿਬੂਤੀ, ਮਸਾਵਾ, ਪੋਰਟ ਸੁਡਾਨ ਅਤੇ ਮੋਮਬਾਸਾ ਵਿਖੇ ਰੁਕੇਗਾ।

2. ਭਾਰਤ ਅਤੇ ਅਫਰੀਕੀ ਮੁਲਕਾਂ ਦਰਮਿਆਨ ਦੋਸਤੀ ਅਤੇ ਭਾਈਚਾਰਕ ਸਬੰਧਾਂ ਦੇ ਮਜ਼ਬੂਤ ਬੰਧਨ ਕਈ ਸਦੀਆਂ ਦੌਰਾਨ ਅੱਗੇ ਵਧੇ ਹਨ ਅਤੇ ਜ਼ਿਆਦਾ ਮਜ਼ਬੂਤ ਹੋਏ ਹਨ। ਭਾਰਤ ਹਮੇਸ਼ਾ ਹੀ ਅਫਰੀਕੀ ਮੁਲਕਾਂ ਅਤੇ ਇਨ੍ਹਾਂ ਦੇ ਲੋਕਾਂ ਨਾਲ ਇੱਕਜੁਟ ਹੋ ਖੜਿਆ ਹੈ ਅਤੇ ਇਸਨੇ ਵਿਕਾਸ, ਸਮਰੱਥਾ ਵਧਾਉਣ ਅਤੇ ਮੁਨੱਖੀ ਮਦਦ ਪ੍ਰੋਗਰਾਮਾਂ ਵਿਚ ਹਿੱਸਾ ਲਿਆ ਹੈ।

3. COVID -19 ਮਹਾਂਮਾਰੀ ਦੇ ਫੈਲਣ ਦੇ ਬਾਅਦ ਤੋਂ ਹੀ ਭਾਰਤ ਸਰਕਾਰ ਨੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਵਿਸ਼ੇਸ਼ ਉਡਾਣਾਂ ਰਾਹੀਂ ਇਕ ਦੂਜੇ ਦੇ ਨਾਗਰਿਕਾਂ ਨੂੰ ਵਾਪਸ ਭੇਜਣ ਅਤੇ ਡਾਕਟਰੀ ਮਦਦ ਭੇਜਣ ਲਈ ਨੇੜਿਓਂ ਮਿਲਕੇ ਕੰਮ ਕੀਤਾ ਹੈ।

ਨਵੀਂ ਦਿੱਲੀ
26 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.